# ਦਫ਼ਤਰ ਨਗਰ ਨਿਗਮ ਹੁਸ਼ਿਆਰਪੁਰ
# ਪ੍ਰੈਸ ਨੋਟ

## ਕਮੇਟੀ ਚੌਕ ਨੂੰ ਜਲਦ ਮਿਲੇਗੀ ਗੰਦਗੀ ਤੋਂ ਨਿਜਾਤ....ਮੇਅਰ ਸ਼ਿਵ ਸੂਦ

ਹੁਸ਼ਿਆਰਪੁਰ 21 ਜੁਲਾਈ ਵਾਰਡ ਨੰਬਰ 35 ਦੇ ਕੌਂਸਲਰ ਨਿਪੁਨ ਸ਼ਰਮਾ ਅਤੇ ਮੁਹੱਲਾ ਵਾਸੀਆਂ ਦੀ ਮੰਗ ਤੇ ਮੇਅਰ ਸ਼ਿਵ ਸੂਦ ਨੇ ਸਫਾਈ ਸਬੰਧੀ ਜਰੂਰੀ ਕਦਮ ਉਠਾਉਦਿਆਂ ਕਮੇਟੀ ਚੌਕ ਦੀ ਸਫਾਈ ਕਰਵਾਉਣ ਦੇ ਦਿੱਤੇ ਹੋਏ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਨਗਰ ਨਿਗਮ ਦੇ ਚੀਫ ਸੈਨੇਟਰੀ ਇੰਸਪੈਕਟਰ ਨਵਦੀਪ ਸ਼ਰਮਾ, ਸੈਨੇਟਰੀ ਇੰਸਪੈਕਟਰ ਜਗਰੂਪ ਸਿੰਘ, ਜੇ.ਈ ਮਕੈਨੀਕਲ ਅਸ਼ਵਨੀ ਸ਼ਰਮਾ, ਮਦਨ ਲਾਲ ਜੇ.ਸੀ.ਬੀ ਮਸ਼ੀਨ ਲੈ ਕੇ ਮੌਕੇ ਤੇ ਪਹੁਚੇ ਅਤੇ ਕੌਂਸਲਰ ਨਿਪੁਨ ਸ਼ਰਮਾ ਦੀ ਹਾਜ਼ਰੀ ਵਿੱਚ ਸਫਾਈ ਦਾ ਕੰਮ ਆਰੰਭ ਕੀਤਾ। ਸੋਨੂੰ ਗੁਪਤਾ ਵੀ ਇਸ ਮੌਕੇ ਤੇ ਉਹਨਾਂ ਦੇ ਨਾਲ ਸਨ।

ਕੌਂਸਲਰ ਨਿਪੁਨ ਸ਼ਰਮਾ ਨੇ ਇਸ ਮੌਕੇ ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਾਰਡ ਨੰ: 35 ਦੇ ਮੁਹੱਲਾ ਵਾਸੀਆਂ ਵੱਲੋਂ ਪੀਣ ਵਾਲੇ ਪਾਣੀ ਦੀ ਕਮੀ ਦੂਰ ਕਰਨ ਲਈ ਨਵਾਂ ਟਿਊਬਵੈਲ ਲਗਾਉਣ ਦੀ ਮੰਗ ਕੀਤੀ ਸੀ। ਕਮੇਟੀ ਚੌਕ ਵਿਖੇ ਨਵਾਂ ਟਿਊਬਵੈਲ ਲਗਾਉਣ ਕਾਰਨ ਖਰਾਬ ਹੋਏ ਚੌਕ ਦੀ ਸਫਾਈ ਦਾ ਕੰਮ ਅੱਜ ਜੱਗੀ ਪੱਧਰ ਤੇ ਸ਼ੂਰੂ ਕਰ ਦਿੱਤਾ ਗਿਆ ਹੈ ਜਲਦ ਹੀ ਕਮੇਟੀ ਚੌਕ ਨੂੰ ਸਾਫ-ਸੁਥਰਾ ਅਤੇ ਖੂਬਸੂਰਤ ਬਣਾਇਆ ਜਾਵੇਗਾ। ਉਹਨਾਂ ਚੀਫ ਸੈਨੇਟਰੀ ਇੰਸਪੈਕਟਰ ਨਵਦੀਪ ਸ਼ਰਮਾ ਨੂੰ ਕਿਹਾ ਕਿ ਕਮੇਟੀ ਚੌਕ ਵਿੱਚ ਖੜੀਆਂ ਕੂੜਾ ਚੁੱਕਣ ਵਾਲੀਆਂ ਰੇਹੜੀਆਂ ਨੂੰ ਉਸ ਜਗ੍ਹਾਂ ਤੋਂ ਤਬਦੀਲ ਕਰਕੇ ਕਿਸੇ ਹੋਰ ਜਗ੍ਹਾਂ ਤੇ ਸ਼ਿਫਟ ਕੀਤਾ ਜਾਵੇ। ਕੌਂਸਲਰ ਨਿਪੁਨ ਸ਼ਰਮਾ ਨੇ ਦੱਸਿਆ ਕਿ ਕੁੱਝ ਦਿਨਾਂ ਵਿੱਚ ਹੀ ਨਵੇਂ ਲੱਗੇ ਟਿਊਬਵੈਲ ਨੂੰ ਬੇਸਮੈਂਟ ਵਿੱਚ ਸ਼ਿਫਟ ਕਰਕੇ ਕਮੇਟੀ ਚੌਕ ਵਿੱਚ ਨਵੇਂ ਸਿਰੇ ਤੋਂ ਇੰਨਟਰਲਾਕਿੰਗ ਟਾਈਲ ਲਗਾਕੇ ਇਸ ਦੀ ਖੂਬਸੂਰਤੀ ਨੂੰ ਮੁੜ ਬਹਾਲ ਕੀਤਾ ਜਾਵੇਗਾ।